ਗੁਰੂ ਨਾਨਕ - ਸਬਦ ੪

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੧

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

ਸਾਰ: ਗੁਰੂ ਨਾਨਕ ਨੇ ਹੋਂਦ ਨੂੰ ਚਲਾਉਣ ਵਾਲੇ ਬ੍ਰਹਿਮੰਡੀ ਨਿਯਮ ਦਾ ਹਵਾਲਾ ਦੇਣ ਲਈ ਹੁਕਮ ਸ਼ਬਦ ਦੀ ਵਰਤੋਂ ਕੀਤੀ ਹੈ। ਸ੍ਰਿਸ਼ਟੀ ਦੇ ਸਾਰੇ ਰੂਪ ਸਰਬ-ਵਿਆਪਕ ਚੇਤਨਾ ਦੇ ਪਸਾਰ ਹਨ, ਜੋ ਆਪਣੀ ਇੱਛਾ ਅਤੇ ਸਮਝ ਅਨੁਸਾਰ ਇੱਕ ਰੂਪ ਧਾਰਦੇ ਹਨ। ਇਹ ਸ਼ਹਿਦ ਦੀ ਮਿਠਾਸ, ਪਾਣੀ ਦੀ ਤਰਲਤਾ ਜਾਂ ਫੁੱਲ ਦੀ ਖੁਸ਼ਬੂ ਵਾਂਗ ਹਨ, ਜੋ ਪ੍ਰਤੱਖ ਪਦਾਰਥਾਂ ਦੇ ਅਟੁੱਟ ਅਦਿੱਖ ਗੁਣ ਹਨ।

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥

ਸਰਬ-ਵਿਆਪਕ ਚੇਤਨਾ ਦੇ ਹੁਕਮ ਅਨੁਸਾਰ ਸਥੂਲ ਰੂਪ ਧਾਰਣ ਦਾ ਨਿਰਣਾ ਹੁੰਦਾ ਹੈ; ਇਹ ਹੁਕਮ ਵਿਆਖਿਆਯੋਗ ਨਹੀਂ ਹੈ।

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥

ਸਰਬ-ਵਿਆਪਕ ਚੇਤਨਾ ਦੇ ਹੁਕਮ ਅਨੁਸਾਰ ਜੀਵਨ ਸਿਰਜਣ ਦਾ ਨਿਰਣਾ ਹੁੰਦਾ ਹੈ, ਅਤੇ ਇਸ ਆਦੇਸ਼ ਦੁਆਰਾ, ਇਸ ਦੀ ਪਛਾਣ ਹੋ ਜਾਂਦੀ ਹੈ।

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥

ਸਰਬ-ਵਿਆਪਕ ਚੇਤਨਾ ਦੇ ਹੁਕਮ ਅਨੁਸਾਰ ਉੱਚੇ ਜਾਂ ਨੀਵੇਂ ਹੋਣ ਦਾ ਨਿਰਣਾ ਹੁੰਦਾ ਹੈ; ਇਹ ਚੋਣ ਖੁਸ਼ੀ ਜਾਂ ਗਮੀ ਦੀ ਚੋਣ ਕਰਦੀ ਹੈ।

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥

ਸਰਬ-ਵਿਆਪਕ ਚੇਤਨਾ ਦੇ ਹੁਕਮ ਅਨੁਸਾਰ ਕ੍ਰਿਪਾਮਈ ਅਵਸਥਾ ਵਿਚ ਰਹਿਣ ਜਾਂ ਭਟਕਣ ਦੇ ਰਾਹ ਤੁਰਣ ਦਾ ਫੈਸਲਾ ਹੁੰਦਾ ਹੈ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥

ਸਰਬ-ਵਿਆਪਕ ਚੇਤਨਾ ਦਾ ਹੁਕਮ ਹੀ ਕਰਨ-ਕਾਰਨ ਸ਼ਕਤੀ ਹੈ, ਅਤੇ ਇਸ ਬ੍ਰਹਿਮੰਡੀ ਹੁਕਮ ਤੋਂ ਬਾਹਰ ਕੁਝ ਵੀ ਨਹੀਂ ਹੈ।

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

ਨਾਨਕ ਆਖਦੇ ਹਨ ਕਿ ਜੇਕਰ ਇਸ ਬ੍ਰਹਿਮੰਡੀ ਹੁਕਮ ਨੂੰ ਸਮਝ ਲਿਆ ਜਾਵੇ ਤਾਂ ਦੂਜੇ ਰੂਪਾਂ ਨੂੰ ਪਰਾਇਆ ਦੇਖਣ ਵਾਲੀ ਹਉਮੈ ਭੰਗ ਹੋ ਜਾਂਦੀ ਹੈ। (੨)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਬ੍ਰਹਿਮੰਡੀ ਹੁਕਮ ਦੇ ਸੋਮੇ ਜੋ ਕੁਦਰਤ ਦੇ ਬਾਹਰੀ ਅਤੇ ਅੰਦਰੂਨੀ ਪਹਿਲੂਆਂ ਨੂੰ ਨਿਯਮਤ ਕਰਦੇ ਹਨ ਉਹਨਾਂ ਨੂੰ ਇਕ ਸਮਝਣਾ ਸਦਭਾਵਨਾ ਲਈ ਮਹੱਤਵਪੂਰਨ ਹੈ। ਜਦੋਂ ਕੁਦਰਤ ਦੇ ਇਸ ਨਿਯਮ ਦੀ ਪੁਸ਼ਟੀ ਨਾਲ ਰਜ਼ਾਮੰਦੀ ਹੋ ਜਾਂਦੀ ਹੈ, ਤਾਂ ਤੇਰਾ-ਮੇਰਾ, ਉੱਚਾ-ਨੀਵਾਂ, ਵੱਡਾ-ਛੋਟਾ, ਦੁੱਖ-ਸੁੱਖ ਦੀ ਕੋਈ ਧਾਰਨਾ ਨਹੀਂ ਰਹਿੰਦੀ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**